21 ਜਨਵਰੀ, 2019

# ਮਾਊਂਟ ਚਿੰਗਕੂਜ਼ੀ ਇਸ ਸੀਜਨ ਲਈ ਅਧਿਕਾਰਤ ਤੌਰ ਤੇ ਖੁੱਲ੍ਹ ਗਿਆ ਹੈ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਵਿੱਚ ਸਕੀਇੰਗ ਅਤੇ ਸਨੋਬੋਰਡ ਕਰਨ ਦੇ ਇੱਛੁਕ ਨਿਵਾਸੀ ਅਤੇ ਸੈਲਾਨੀ ਹੁਣ ਬ੍ਰੈਂਪਟਨ ਦੇ ਆਪਣੇ ਮਾਊਂਟ ਚਿੰਗਕੂਜ਼ੀ (Mount Chinguacousy) ਵਿੱਚ ਅਜਿਹਾ ਕਰ ਸਕਦੇ ਹਨ।

ਡੋਨਲਡ ਐਮ. ਗੋਰਡੋਨ ਚਿੰਗਕੂਜ਼ੀ ਪਾਰਕ (Donald M. Gordon Chinguacousy Park) ਵਿੱਚ ਸਥਿਤ ਮਾਊਂਟ ਚਿੰਗਕੂਜ਼ੀ, ਬ੍ਰੈਂਪਟਨ ਵਿੱਚ ਸਰਦੀਆਂ ਦੇ ਪੂਰੇ ਸੀਜਨ ਦੀਆਂ ਮਜ਼ੇਦਾਰ ਗਤੀਵਿਧੀਆਂ ਦਾ ਸਥਾਨ ਹੈ।

ਸਕੀਇੰਗ ਅਤੇ ਸਨੋਬੋਰਡ ਦੀਆਂ ਕਲਾਸਾਂ, ਰੈਂਟਲ ਅਤੇ ਟਿਊਬਿੰਗ ਮਾਊਂਟ ਚਿੰਗਕੂਜ਼ੀ ਵਿਖੇ ਉਪਲਬਧ ਹਨ ਅਤੇ ਨਾਲ ਹੀ ਸਨੈਕ ਬਾਰ ਵਾਲੀ ਸਕੀ ਸ਼ੈਲੇਟ (Ski Chalet) ਵੀ ਹੈ।

**ਕੀ ਤੁਹਾਨੂੰ ਪਤਾ ਹੈ?**

- ਮਾਊਂਟ ਚਿੰਗਕੂਜ਼ੀ ਮੁੱਖ ਤੌਰ ਤੇ ਬਣਾਵਟੀ ਬਰਫ ਵਿੱਚ ਢਕਿਆ ਹੋਇਆ ਹੈ
- ਇਸਦੀ ਉੱਚਾਈ 21 ਮੀਟਰ ਹੈ
- ਇਸਦੀ ਲੰਬਾਈ 188 ਮੀਟਰ ਹੈ
- ਸਾਲਾਨਾ ਤੌਰ ਤੇ ਲਗਭਗ 10,000 ਲੋਕ ਇਸ ਥਾਂ ਨੂੰ ਦੇਖਣ ਆਉਂਦੇ ਹਨ

ਮਾਊਂਟ ਚਿੰਗਕੂਜ਼ੀ ਆਮ ਤੌਰ ਤੇ ਦਸੰਬਰ ਤੋਂ ਮਾਰਚ ਤੱਕ ਖੁੱਲ੍ਹਦਾ ਹੈ। ਇਸ ਸੀਜਨ, ਮੌਸਮ ਦੀਆਂ ਸਥਿਤੀਆਂ ਕਾਰਨ ਇਹ ਤੈਅ ਸਮੇਂ ਤੋਂ ਦੇਰੀ ਨਾਲ ਖੁੱਲ੍ਹਿਆ ਹੈ।

ਸਕੀ ਸ਼ੈਲੇਟ ਦਾ ਮੁੱਖ ਪ੍ਰਵੇਸ਼ ਦੁਆਰ, ਸੈਂਟਰਲ ਪਾਰਕ ਡ੍ਰਾਈਵ (Central Park Drive) ਅਤੇ ਬ੍ਰੈਮਲੀ ਰੋਡ (Bramalea Road) ਦੇ ਕੋਨੇ ‘ਤੇ ਸਥਿਤ ਹੈ।

ਕਿਰਪਾ ਕਰਕੇ ਨੋਟ ਕਰੋ ਕਿ ਟਿਊਬ ਹਿੱਲ (Tube Hill) ਅਗਲੇ ਨੋਟਿਸ ਤੱਕ ਬੰਦ ਰਹੇਗੀ।

ਮਾਊਂਟ ਚਿੰਗਕੂਜ਼ੀ ਬਾਰੇ ਹੋਰ ਜਾਣਕਾਰੀ ਲਈ, ਇੱਥੇ ਕਲਿੱਕ ਕਰੋ (click here)।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca